# Sample Paper (ਸਮਾਜਿਕ ਸਿੱਖਿਆ)

ਸਮਾਂ : 3 ਘੰਟੇ | ਕਲਾਸ - ਦਸਵੀਂ | ਕੁੱਲ ਅੰਕ :90

ਭਾਗ - ੳ (ਭੂਗੋਲ) | ਅੰਕ : 25

I. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ :-

1. ਹਿੰਦ ਮਹਾਂਸਾਗਰ ਵਿੱਚ ਭਾਰਤ ਦੀ ਕੀ ਸਥਿਤੀ ਹੈ ? 1
2. 'ਲੂ' (Loo) ਤੋਂ ਤੁਹਾਡਾ ਕੀ ਭਾਵ ਹੈ ? 1
3. 'ਬੰਗਾਲ ਦਾ ਡਰ' ਕਿਸ ਬਨਸਪਤੀ ਕਿਸਮ ਨੂੰ ਕਿਹਾ ਜਾਂਦਾ ਹੈ ? 1

ਖਾਲੀ ਥਾਵਾਂ / ਮਿਲਾਨ ਕਰਨ ਵਾਲੇ / ਬਹੁ-ਵਿਕਲਪੀ ਪ੍ਰਸ਼ਨ :-

4. ...............ਹੇਠਲੇ ਦਰਜੇ ਦਾ ਕੋਇਲਾ ਹੈ। 1
5. ਸਹੀ ਮਿਲਾਨ ਕਰੋ :-

| | | |
|---|---|---|
| (ੳ) ਪ੍ਰਤੀ ਹਜ਼ਾਰ ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਸੰਖਿਆ | -ਉੱਤਰ ਪ੍ਰਦੇਸ਼ | |
| (ਅ) ਭਾਰਤ ਦਾ ਸਭ ਤੋਂ ਵੱਧ ਜਨਸੰਖਿਆ ਵਾਲਾ ਰਾਜ | -ਬਿਹਾਰ | |
| | -ਆਸ਼ਰਿਤ ਜਨਸੰਖਆ | 1 (½ + ½) |
| | -ਲਿੰਗ ਅਨੁਪਾਤ | |

6. ਮਾਊਂਟ ਐਵਰੈਸਟ ਦੀ ਉਚਾਈ ਹੈ : -

(ੳ) 9848 ਮੀ; (ਅ)7848 ਮੀ : (ੲ)8448 ਮੀ : (ਸ) 8848 ਮੀ : 1

II. ਹੇਠ ਲਿਖੇ ਛੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ 30-50 ਸ਼ਬਦਾਂ ਵਿੱਚ ਦਿਓ -

1. "ਜਦੋਂ ਅਰੁਣਾਂਚਲ ਪ੍ਰਦੇਸ਼ ਵਿੱਚ ਸੂਰਜ ਨਿਕਲ ਹੀ ਰਿਹਾ ਹੁੰਦਾ ਹੈ ਤਾਂ ਗੁਜਰਾਤ ਵਿੱਚ ਅਜੇ ਰਾਤ ਹੁੰਦੀ ਹੈ।" ਵਿਆਖਿਆ ਕਰੋ। 3
2. ਥਾਰ ਮਾਰੂਥਲ ਤੇ ਇੱਕ ਭੂਗੋਲਿਕ ਨੋਟ ਲਿਖੋ। 3
3. ਰਾਜਸਥਾਨ ਅਰਬ ਸਾਗਰ ਦੇ ਨੇੜੇ ਹੋਣ ਕਰਕੇ ਵੀ ਖੁਸ਼ਕ ਕਿਉਂ ਰਹਿ ਜਾਂਦਾ ਹੈ ? 3
4. ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਦੇ ਲਈ ਕੀ ਉਪਾਅ ਕਰਨੇ ਚਾਹੀਦੇ ਹਨ ? 3
5. ਜੰਗਲਾਂ ਦੇ ਮੁੱਖ ਲਾਭ ਕੀ ਹਨ ? 3
6. ਭਾਰਤ ਵਿੱਚ ਜਨਸੰਖਿਆ ਦੀ ਵੰਡ ਤੇ ਕਿਹੜੇ -ਕਿਹੜੇ ਤੱਤਾਂ ਦਾ ਜਿਆਦਾ ਪ੍ਰਭਾਵ ਹੈ ? ਕੋਈ ਤਿੰਨ ਪ੍ਰਭਾਵ ਲਿਖੋ। 3

III. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ :-

1. ਭਾਰਤ ਦੇ ਪੌਣ -ਪਾਣੀ ਨੂੰ ਕਿਹੜੇ ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ ?

ਜਾਂ

ਭਾਰਤੀ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਦਾ ਵਿਸਥਾਰਪੂਰਵਕ ਵਰਣਨ ਕਰੋ। 5

IV. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ :-

1. ਕਾਲੀ ਮਿੱਟੀ ਦਾ ਖੇਤਰ

Manjot Singh

Scanned by CamScanner

2. ਬਹੁਤ ਘੱਟ ਵਰਖਾ ਵਾਲਾ ਇੱਕ ਖੇਤਰ
3. ਗੰਨਾਂ ਉਤਪਾਦਨ ਦਾ ਇੱਕ ਖੇਤਰ
4. ਸਭ ਤੋਂ ਵੱਧ ਸਾਖਰਤਾ ਵਾਲਾ ਰਾਜ 5
5. ਮੁੱਖ ਕਪਾਹ ਉਤਪਾਦਨ ਖੇਤਰ
6. ਅਰਾਵਲੀ ਪਰਬਤ
7. ਸ਼ਿਮਲਾ
8. ਕੰਨਿਆਂਕੁਮਾਰੀ

ਭਾਗ - ਅ (ਅਰਥ - ਸ਼ਾਸਤਰ) ਅੰਕ :20

V. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ :-

1. ਪ੍ਰਤੀ ਵਿਅਕਤੀ ਆਮਦਨ ਦੀ ਪਰਿਭਾਸ਼ਾ ਦਿਓ। 1
2. ਭਾਰਤੀ ਰਿਜ਼ਰਵ ਬੈਂਕ ਦਾ ਕੋਈ ਇੱਕ ਕੰਮ ਲਿਖੋ। 1
3. ਭਾਰਤ ਵਿੱਚ ਹਰੀ ਕ੍ਰਾਂਤੀ ਦਾ ਸਾਲ ਲਿਖੋ। 1

ਖਾਲੀ ਥਾਵਾਂ /ਮਿਲਾਨ ਕਰਨ ਵਾਲੇ / ਬਹੁ - ਵਿਕਲਪੀ ਪ੍ਰਸ਼ਨ :-

4. ਨਵੀਂ ਉਦਯੋਗਿਕ ਨੀਤੀ ਸਾਲ ........ ਵਿੱਚ ਸ਼ੁਰੂ ਹੋਈ। 1
5. ਸਹੀ ਮਿਲਾਨ ਕਰੋ :-

| | | |
|---|---|---|
| (ੳ) ਉਪਭੋਗ ਅਤੇ ਆਮਦਨ ਦਾ ਅਨੁਪਾਤ | - ਔਸਤ ਆਮਦਨ | |
| (ਅ) ਪ੍ਰਤੀ ਵਿਅਕਤੀ ਆਮਦਨ ਦਾ ਦੂਜਾ ਨਾਂ | - APS | |
| | - APC | 1 (½ + ½) |
| | - ਨਿਜੀ ਆਮਦਨ | |

6. NABARD ਦੀ ਸਥਾਪਨਾ ਕਦੋਂ ਹੋਈ?

(ੳ) 1988 (ਅ) 1989 (ੲ) 1986 (ਸ) 1982 1

VI. ਹੇਠ ਲਿਖੇ ਪੰਜ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ 30-50 ਸ਼ਬਦਾਂ ਵਿੱਚ ਦਿਓ :-

1. ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦਿਓ। ਰਾਸ਼ਟਰੀ ਆਮਦਨ ਅਤੇ ਘਰੇਲੂ ਆਮਦਨ ਵਿੱਚ ਕੀ ਅੰਤਰ ਹੈ? 3
2. ਸਰਵਜਨਕ ਵਿਤਰਨ ਪ੍ਰਣਾਲੀ ਉੱਤੇ ਇੱਕ ਟਿੱਪਣੀ ਲਿਖੋ। 3
3. ਭਾਰਤੀ ਅਰਥ -ਵਿਵਸਥਾ ਵਿੱਚ ਖੇਤੀ ਦਾ ਮਹੱਤਵ ਬਿਆਨ ਕਰੋ। 3
4. ਭਾਰਤ ਵਿੱਚ ਲਘੂ ਅਤੇ ਕੁਟੀਰ ਉਦਯੋਗਾਂ ਦਾ ਕੀ ਮਹੱਤਵ ਹੈ? 3
5. ਛੁਪੀ ਬੇਰੁਜ਼ਗਾਰੀ ਦੀ ਪਰਿਭਾਸ਼ਾ ਦਿਓ। ਇਸਨੂੰ ਇੱਕ ਉਦਾਹਰਨ ਰਾਹੀਂ ਸਪਸ਼ਟ ਕਰੋ। 3

VII. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ :-

ਭਾਰਤ ਦੇ ਉਦਯੋਗੀਕਰਨ ਦੀ ਧੀਮੀ ਗਤੀ ਦੇ ਕੀ ਕਾਰਨ ਹਨ? 5

ਜਾਂ

ਭਾਰਤ ਦੀਆਂ ਮੁੱਖ ਆਰਥਿਕ ਸਰੰਚਨਾਵਾਂ ਕਿਹੜੀਆਂ ਹਨ?

Manjit Singh

Scanned by CamScanner

ਭਾਗ - ੲ ( ਇਤਿਹਾਸ )  ਅੰਕ :25

VIII. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ :-

1. ਉਲਮਾ ਬਾਰੇ ਤੁਸੀਂ ਕੀ ਜਾਣਦੇ ਹੋ ? 1
2. ਸੱਚੇ ਸੌਦੇ ਤੋਂ ਕੀ ਭਾਵ ਹੈ ? 1
3. ਅਕਬਰ ਕਿਹੜੇ ਗੁਰੂ ਸਾਹਿਬ ਨੂੰ ਮਿਲਣ ਗੋਇੰਦਵਾਲ ਆਇਆ ਸੀ ? 1

ਖਾਲੀ ਥਾਵਾਂ / ਮਿਲਾਨ ਕਰਨ ਵਾਲੇ / ਬਹੁ -ਵਿਕਲਪੀ ਪ੍ਰਸ਼ਨ :-

4. ਪੰਜਾਬ ਨੂੰ ......... ਕਾਲ ਵਿੱਚ ਸਪਤ ਸਿੰਧੂ ਕਿਹਾ ਜਾਂਦਾ ਸੀ। 1
5. ਸਹੀ ਮਿਲਾਨ ਕਰੋ :- 1 (½ + ½)

| | |
|---|---|
| (ੳ) ਨਵਾਬ ਕਪੂਰ ਸਿੰਘ | -ਭੰਗੀ ਮਿਸਲ |
| (ਅ) ਬੰਦਾ ਬਹਾਦਰ | -ਰਾਮਗੜ੍ਹੀਆ ਮਿਸਲ |
| | -ਚੱਪੜ ਚਿੜੀ |
| | -ਫੈਜ਼ਲ ਪੁਰੀਆ ਮਿਸਲ |

6. ਬਾਬਰ ਨੇ 1526 ਈ: ਦੀ ਲੜਾਈ ਵਿੱਚ ਹਰਾਇਆ - 1

(ੳ) ਦੌਲਤ ਖਾਂ ਲੋਧੀ ਨੂੰ (ਅ) ਬਹਿਲੋਲ ਲੋਧੀ ਨੂੰ

(ੲ) ਇਬਰਾਹੀਮ ਲੋਧੀ ਨੂੰ (ਸ) ਸਿਕੰਦਰ ਲੋਧੀ ਨੂੰ

IX. ਹੇਠ ਲਿਖੇ ਛੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ 30-50 ਸ਼ਬਦਾਂ ਵਿੱਚ ਦਿਓ :-

1. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਨੋਟ ਲਿਖੋ। 3
2. ਖਾਲਸਾ ਦੇ ਨਿਯਮਾਂ ਦਾ ਵਰਣਨ ਕਰੋ। 3
3. ਚੱਪੜ ਚਿੜੀ (ਸਰਹਿੰਦ) ਦੀ ਲੜਾਈ ਦਾ ਵਰਣਨ ਕਰੋ। 3
4. ਅੰਮ੍ਰਿਤਸਰ ਦੀ ਜਿੱਤ ( ਮਹਾਰਾਜਾ ਰਣਜੀਤ ਸਿੰਘ ਦੁਆਰਾ ) ਦੀ ਮਹੱਤਤਾ ਲਿਖੋ। 3
5. ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ? 3
6. 'ਕਾਮਾਗਾਟਾਮਾਰੂ' ਦੀ ਘਟਨਾ ਦਾ ਵਰਣਨ ਕਰੋ। 3

X. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ :-

ਪਰਮਾਤਮਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਕੀ ਵਿਚਾਰ ਹਨ ? ਵਿਸਥਾਰ ਸਹਿਤ ਲਿਖੋ।

ਜਾਂ 5

ਗੁਰੂ ਗੋਬਿੰਦ ਸਿੰਘ ਜੀ ਜਨੂੰ ਖਾਲਸਾ ਸਿਰਜਣਾ ਕਰਨ ਦੀ ਕਿਉਂ ਲੋੜ ਪਈ ?

XI. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਸਥਾਨ ਪੰਜਾਬ ਦੇ ਨਕਸ਼ੇ ਵਿੱਚ ਭਰੋ :-

1. ਮੁਲਤਾਨ 2. ਤਰਨਤਾਰਨ 3. ਆਨੰਦਪੁਰ ਸਾਹਿਬ 4. ਬੱਦੋਵਾਲ
2. 5. ਚਿਲ੍ਹਿਆਂਵਾਲਾ 6. ਮੁਕਤਸਰ 7. ਮੁਦਕੀ 8. ਸਰਹਿੰਦ 5 ( 1x5)

Manjit Singh

Scanned by CamScanner

ਭਾਗ - ਸ ( ਨਾਗਰਿਕ ਸ਼ਾਸਤਰ ) ਅੰਕ : 20

XII. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ :-

1. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ ? 1
2. ਭਾਰਤੀ ਸੰਸਦ ਦੇ ਹੇਠਲੇ ਸਦਨ ਦਾ ਨਾਂ ਦੱਸੋ | 1
3. ਪੰਜਾਬ ਦੀ ਉੱਚ-ਅਦਾਲਤ ਕਿੱਥੇ ਸਥਿੱਤ ਹੈ ? 1

ਖਾਲੀ ਥਾਵਾਂ / ਮਿਲਾਨ ਕਰਨ ਵਾਲੇ / ਬਹੁ -ਵਿਕਲਪੀ ਪ੍ਰਸ਼ਨ :-

4. ਸੁਰੱਖਿਆ ਪਰਿਸ਼ਦ ਦੇ ਪੱਕੇ ਮੈਂਬਰਾਂ ਦੀ ਸੰਖਿਆ ......... ਹੈ | 1
5. ਸਹੀ ਮਿਲਾਨ ਕਰੋ -

| | | |
|---|---|---|
| (ੳ) ਲੋਕਤੰਤਰ | - ਰਾਸ਼ਟਰੀ ਦਲ | |
| (ਅ) ਵਿਰੋਧੀ ਦਲ | - ਸਰਕਾਰ ਦੀ ਨਿਰੰਕੁਸ਼ਤਾ ਤੇ ਰੋਕ | 1(½ + ½) |
| | - ਸਾਖਰ ਨਾਗਰਿਕ | |
| | - ਲੋਕਾਂ ਦਾ ਆਪਣਾ ਸ਼ਾਸਨ | |

6. ਹੇਠ ਲਿਖੇ ਰਾਜ ਵਿੱਚਕ ਦੋ ਸਦਨੀ ਵਿਧਾਨ ਮੰਡਲ ਹੈ -

(ੳ ) ਬਿਹਾਰ (ਅ) ਮਹਾਂਰਾਸ਼ਟਰ 1

(ੲ) ਉੱਤਰ ਪ੍ਰਦੇਸ਼ (ਸ ) ਉੱਪਰ ਦੱਸੇ ਸਾਰੇ

XIII. ਹੇਠ ਲਿਖੇ ਪੰਜ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ 30-50 ਸ਼ਬਦਾਂ ਵਿੱਚ ਦਿਓ :-

1. ਭਾਰਤ ਇੱਕ ਧਰਮ -ਨਿਰਪੱਖ ,ਲੋਕਤੰਤਰੀ ਗਣਰਾਜ ਹੈ | ਵਿਆਖਿਆ ਕਰੋ | 3
2. ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ ਦਾ ਸੰਖੇਪ ਵਿੱਚ ਵਰਣਨ ਕਰੋ | 3
3. ਮੁੱਖ ਮੰਤਰੀ ਦੀਆਂ ਤਿੰਨ ਸ਼ਕਤੀਆਂ ਦਾ ਵਰਣਨ ਕਰੋ | 3
4. ਲੋਕਤੰਤਰ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਵਰਣਨ ਕਰੋ | 3
5. ਪੰਚਸ਼ੀਲ ਦੇ ਸਿਧਾਂਤ ਦਾ ਵਰਣਨ ਕਰੋ | 3

XIV. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 100-120 ਸ਼ਬਦਾਂ ਵਿੱਚ ਦਿਓ :-

ਸੰਸਦ ਦੀ ਕਿਸੇ ਚਾਰ ਸ਼ਕਤੀਆਂ ਦਾ ਵਰਣਨ ਕਰੋ | 5

ਜਾਂ

ਭਾਰਤੀ ਲੋਕਤੰਤਰ ਦੀਆਂ ਮਹਤਵਪੂਰਣ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ |

---

Manjit Singh.

ਐੱਸ. ਐੱਸ. ਮਾਸਟਰ
ਸ. ਸ. ਸ. ਸ. ਪੰਡੋਰੀ ਨਿੱਜਰਾਂ
ਜਲੰਧਰ

Scanned by CamScanner